Punjabi

# ਮਨੁੱਖ ਅਤੇ ਜਾਨਵਰ ਦੁਆਰਾ ਵੱਢੇ ਗਏ ਚੱਕ Animal and Human Bites

ਮਨੁੱਖ ਅਤੇ ਜਾਨਵਰ ਦੁਆਰਾ ਵੱਢੇ ਗਏ ਚੱਕਾਂ ਵਿੱਚ ਹੋਰਨਾਂ ਜ਼ਖ਼ਮਾਂ ਦੇ ਮੁਕਾਬਲੇ ਲਾਗ (ਇਨਫ਼ੈਕਸ਼ਨ) ਲੱਗਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਜਾਨਵਰਾਂ ਦੇ ਅਤੇ ਮਨੁੱਖਾਂ ਦੇ ਮੂੰਹ ਵਿੱਚ ਬਹੁਤ ਸਾਰੇ ਰੋਗਾਣੂ (ਜੀਵ) ਹੁੰਦੇ ਹਨ।

ਆਮ ਤੌਰ ਤੇ ਚੱਕ ਦੇ ਜ਼ਖ਼ਮ (ਚਿਹਰੇ ਅਤੇ ਧੌਣ ਤੋਂ ਇਲਾਵਾ), ਖੁਲ੍ਹੇ ਰੱਖੇ ਜਾਂਦੇ ਹਨ ਅਤੇ ਟਾਂਕੇ ਲਾ ਕੇ ਬੰਦ ਨਹੀਂ ਕੀਤੇ ਜਾਂਦੇ। ਇੰਜ ਕਰਨ ਨਾਲ ਲਾਗ ਦੀ ਸੰਭਾਵਨਾ ਘੱਟ ਜਾਂਦੀ ਹੈ। ਬਾਅਦ ਵਿੱਚ ਜ਼ਖ਼ਮਾਂ ਨੂੰ ਟਾਂਕੇ ਲਾ ਕੇ ਬੰਦ ਕੀਤਾ ਜਾ ਸਕਦਾ ਹੈ।

ਕਿਹੜੇ ਜਾਨਵਰ ਨੇ ਅਤੇ ਕਿਸ ਤਰ੍ਹਾਂ ਚੱਕ ਵੱਢਿਆ ਹੈ, ਇਸ ਦੇ ਮੁਤਾਬਕ ਅਸੀਂ ਰੇਬੀਜ਼ ਤੋਂ ਬਚਾਓ ਲਈ ਦਵਾਈ ਦੇ ਸਕਦੇ ਹਾਂ।

## ਘਰ ਵਿੱਚ ਆਪਣੀ ਦੇਖਭਾਲ ਆਪ ਕਿਵੇਂ ਕਰੋ

- ਆਪਣੇ ਜ਼ਖ਼ਮਾਂ ਨੂੰ ਸਾਫ਼ ਰੱਖੋ। ਜ਼ਖ਼ਮ ਨੂੰ ਸਾਬਣ ਅਤੇ ਤੇਜ਼ ਧਾਰ ਵਾਲੇ ਪਾਣੀ ਨਾਲ ਧੋਵੋ।
- ਜੇ ਤੁਸੀਂ ਆਪਣਾ ਜ਼ਖ਼ਮ ਪੱਟੀ ਨਾਲ ਢਕਿਆ ਹੋਇਆ ਹੈ ਤਾਂ ਉਸ ਨੂੰ ਸਾਫ਼ ਅਤੇ ਸੁੱਕਾ ਰੱਖੋ। ਪੱਟੀ ਹਰ ਰੋਜ਼ ਬਦਲੋ ਅਤੇ ਓਦੋਂ ਜਦੋਂ ਕਿ ਇਹ ਗਿੱਲੀ ਜਾਂ ਮਲੀ ਹੋ ਜਾਵੇ।
- ਅਸੀਂ ਤੁਹਾਨੂੰ ਕਿਸੇ ਐਂਟੀਬਾਓਟਿਕ ਲਈ ਨੁਸਖ਼ਾ ਦੇ ਸਕਦੇ ਹਾਂ। ਜੋ ਤੁਸੀਂ ਕੋਈ ਐਂਟੀਬਾਓਟਿਕ ਲੈਣਾ ਹੋਵੇ ਤਾਂ ਪਰਚੀ ਪੜ੍ਹ ਕੇ ਹਿਦਾਇਤ ਦੇ ਐਨ ਮੁਤਾਬਕ ਦਵਾਈ ਲਓ। ਇਹ ਯਕੀਨੀ ਬਣਾਓ ਕਿ ਜਦੋਂ ਤੱਕ ਸਾਰੀ ਖ਼ਤਮ ਨਹੀਂ ਹੋ ਜਾਂਦੀ ਉਦੋਂ ਤੱਕ ਤੁਸੀਂ ਦਵਾਈ ਲੈਂਦੇ ਰਹੋ ਭਾਵੇਂ ਇਨਫ਼ੈਕਸ਼ਨ ਦੀ ਕੋਈ ਨਿਸ਼ਾਨੀ ਨਾ ਵੀ ਹੋਵੇ।
- ਜੇ ਤੁਹਾਨੂੰ ਦਰਦ ਜਾਂ ਬੇਅਰਾਮੀ ਹੈ ਤਾਂ ਦਰਦ ਨਿਵਾਰਕ ਦਵਾਈ ਲਓ ਜੋ ਕਿ ਤੁਸੀਂ ਪਰਚੀ ਦੇ ਬਗ਼ੈਰ ਖ਼ਰੀਦ ਸਕਦੇ ਹੋ ਜਿਵੇਂ ਕਿ ਅਸੇਟਾਮੀਨੋਫ਼ਿਨ (ਟਾਇਲਨੋਲ ਜਾਂ ਸਟੋਰ ਬ੍ਰਾਂਡ) ਜਾਂ ਆਈਬੋਪ੍ਰੋਫ਼ਿਨ (ਐਡਵਿਲ, ਮੋਰਟਿਨ ਜਾਂ ਸਟੋਰ ਬ੍ਰਾਂਡ)।

## ਮਦਦ ਕਦੋਂ ਹਾਸਲ ਕਰੋ

ਆਪਣੇ ਫ਼ੈਮਿਲੀ ਡਾਕਟਰ ਨੂੰ ਮਿਲਣ ਲਈ ਜਾਓ ਜਾਂ ਕਿਸੇ ਵਾੱਕ ਇਨ ਕਲੀਨਿਕ ਵਿੱਚ ਜਾਓ ਜੇ ਤੁਸੀਂ ਹੇਠ ਲਿਖਿਆਂ ਵਿੱਚੋਂ ਕੁਝ ਵੀ ਵੇਖੋ ਤਾਂ:

- ☐ ਜ਼ਖ਼ਮ ਦੇ ਆਲ਼ੇ ਦੁਆਲ਼ੇ ਲਾਲੀ ਜਾਂ ਸੋਜ਼ਸ਼ ਦਾ ਵਧਣਾ
- ☐ ਜ਼ਖ਼ਮ ਦੀ ਪੀੜ ਜਾਂ ਅਕੜਾਓ ਦਾ ਵਧਣਾ
- ☐ ਜ਼ਖ਼ਮ ਵਿੱਚੋਂ ਪੀਲੇ ਜਾਂ ਹਰੇ ਰੰਗ ਦਾ ਗਾੜ੍ਹਾ ਤਰਲ ਰਿਸਣਾ(ਪੱਸ)
- ☐ ਜ਼ਖ਼ਮ ਵਿਚੋਂ ਬਦਬੂ ਆਓਣਾ
- ☐ 38.5° ਸੈ (101.3° ਫ਼) ਤੋਂ ਵੱਧ ਬੁਖ਼ਾਰ

## ਹੋਰ ਜਾਣਨ ਲਈ, ਪੁੱਛਣਾ ਚੰਗਾ ਹੈ:

- ਤੁਹਾਡਾ ਫ਼ੈਮਿਲੀ ਡਾਕਟਰ
- ਹੈਲਥਲਿੰਕ ਬੀਸੀ- 8-1-1 'ਤੇ ਫ਼ੋਨ ਕਰੋ (ਬੋਲ਼ ਅਤੇ ਸੁਣਨ ਸ਼ਕਤੀ ਦੀ ਘਾਟ ਵਾਲੇ ਲੋਕਾਂ ਲਈ 7-1-1 ਕਰੋ) ਜਾਂ ਆੱਨ ਲਾਈਨ www.HealthLinkBC.ca 'ਤੇ ਜਾਓ।

ਵੈਨਕੂਵਰ ਕੋਸਟਲ ਹੈਲਥ ਦੀ ਆਗਿਆ ਨਾਲ 'ਈਬੀ.100ਐਨ54 ਮਨੁੱਖ ਅਤੇ ਜਾਨਵਰ ਦੁਆਰਾ ਵੱਢੇ ਗਏ ਚੱਕ ' (ਮਾਰਚ2012) ਤੋ ਰਪਾਂਤਰਿਤ ਕੀਤੀ ਗਈ।